# COVID-19 Vaccine Information

## ਕੋਵਿਡ-19 ਵੈਕਸੀਨ ਬਾਰੇ ਜਾਣਕਾਰੀ
## COVID-19 Vaccine Information

ਮਾਰਚ 30, 2021

ਕੋਵਿਡ-19 ਵੈਕਸੀਨ ਜਾਨਾਂ ਬਚਾਅ ਰਹੇ ਹਨ। ਇਹ ਵੈਕਸੀਨ ਬਿਮਾਰੀ ਜਾਂ ਮੌਤ ਦੇ ਖ਼ਤਰੇ ਵਾਲੇ ਲੋਕਾਂ ਖ਼ਾਸ ਕਰ ਬਜ਼ੁਰਗਾਂ ਦੀ ਸੁਰੱਖਿਆ ਕਰਨ ਵਿਚ ਮਦਦ ਕਰਦੇ ਹਨ। ਕੋਵਿਡ-19 ਵੈਕਸੀਨ ਮੁਫ਼ਤ ਦਿੱਤੇ ਜਾਂਦੇ ਹਨ ਅਤੇ ਦੁਨੀਆ ਵਿਚ ਕਰੋੜਾਂ ਲੋਕਾਂ ਨੂੰ ਦਿੱਤੇ ਜਾ ਚੁੱਕੇ ਹਨ। ਇਹ ਵੈਕਸੀਨ ਅਸਰਦਾਰ ਅਤੇ ਸੁਰੱਖਿਅਤ ਪਾਏ ਗਏ ਹਨ। ਇਸ ਸਮੇਂ ਕੈਨੇਡਾ ਵਿਚ ਉਪਲਬਧ ਵੈਕਸੀਨਜ਼ ਵਿਚ ਫ਼ਾਈਜ਼ਰ-ਬਾਇਓਨਟੈਕ, ਮੋਡੇਰਨਾ ਅਤੇ ਐਸਟਰਾਜ਼ੇਨਕਾ/ਕੋਵੀਸ਼ੀਲਡ ਸ਼ਾਮਲ ਹਨ।

ਹਰ ਇੱਕ ਵਿਅਕਤੀ ਨੂੰ ਪੁਰਜ਼ੋਰ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਜਦੋਂ ਵੀ ਵੈਕਸੀਨ ਲਈ ਕਿਹਾ ਜਾਏ ਜ਼ਰੂਰ ਲਗਵਾਓ। ਤੁਹਾਨੂੰ ਉਹੀ ਵੈਕਸੀਨ ਲਗਾਇਆ ਜਾਏਗਾ ਜੋ ਤੁਹਾਡੇ ਉਮਰ ਗਰੁੱਪ ਲਈ ਸੁਰੱਖਿਅਤ ਅਤੇ ਅਸਰਦਾਰ ਹੈ।

**ਵੈਕਸੀਨ ਕੀ ਕਰਦੇ ਹਨ? What does the vaccine do?**

ਫ਼ਲੂ ਦੇ ਟੀਕੇ ਵਾਂਗ, ਕੋਵਿਡ-19 ਵੈਕਸੀਨ ਤੁਹਾਡੇ ਸਰੀਰ ਵਿਚ ਐਸੀ ਪ੍ਰੋਟੀਨ ਪੈਦਾ ਕਰਦਾ ਹੈ, ਜੋ ਜੇ ਤੁਸੀਂ ਵਾਇਰਸ ਦੇ ਸੰਪਰਕ ਵਿਚ ਆ ਜਾਓ ਤਾਂ ਤੁਹਾਨੂੰ ਬਿਮਾਰ ਹੋਣ ਤੋਂ ਬਚਾਉਂਦੀ ਹੈ। ਵੈਕਸੀਨ ਵਿਚ ਕੋਵਿਡ-19 ਵਾਇਰਸ ਨਹੀਂ ਹੁੰਦਾ। ਜਦੋਂ ਤੁਹਾਨੂੰ ਕੋਵਿਡ-19 ਵੈਕਸੀਨ ਦਿੱਤੀ ਜਾਂਦੀ ਹੈ ਤਾਂ ਇਹ ਤੁਹਾਡੇ ਸਰੀਰ ਵਿਚ ਐਂਟੀਬਾਡੀ ਬਣਾਉਂਦੀ ਹੈ ਤਾਂ ਕਿ ਜੇ ਤੁਸੀਂ ਅਸਲੀ ਵਾਇਰਸ ਦੇ ਸੰਪਰਕ ਵਿਚ ਆ ਜਾਓ ਤਾਂ ਤੁਸੀਂ ਇਨਫ਼ੈਕਸ਼ਨ ਦਾ ਮੁਕਾਬਲਾ ਕਰ ਸਕੋ।

**ਕੀ ਮੈਂ ਵੈਕਸੀਨ ਲਵਾਂ? Should I get the vaccine?**

ਕੋਵਿਡ-19 ਵੈਕਸੀਨ ਜਾਨਾਂ ਬਚਾਅ ਰਿਹਾ ਹੈ ਅਤੇ ਇਹ ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਬਚਾਉਣ ਦਾ ਵਧੀਆ ਤਰੀਕਾ ਹੈ। ਜਿੰਨੇ ਜ਼ਿਆਦਾ ਲੋਕ ਵੈਕਸੀਨੇਟ ਹੁੰਦੇ ਹਨ ਅਤੇ ਕੋਵਿਡ-19 ਵਿਰੁੱਧ ਸੁਰੱਖਿਆ ਪ੍ਰਾਪਤ ਕਰਦੇ ਹਨ ਵਾਇਰਸ ਲਈ ਫੈਲਣਾ ਉਤਨਾ ਹੀ ਮੁਸ਼ਕਲ ਹੋ ਜਾਂਦਾ ਹੈ।

ਬਜ਼ੁਰਗਾਂ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਉਣ ਅਤੇ ਕੋਵਿਡ-19 ਕਾਰਨ ਹਸਪਤਾਲ ਵਿਚ ਭਰਤੀ ਹੋਣ ਤੋਂ ਸੁਰੱਖਿਅਤ ਰੱਖਣ ਲਈ ਇਹ ਵੈਕਸੀਨ ਬਹੁਤ ਅਸਰਦਾਰ ਸਾਬਤ ਹੋਏ ਹਨ। ਵੈਕਸੀਨ ਲੈਣ ਦੇ ਫ਼ਾਇਦੇ ਵੈਕਸੀਨ ਨਾ ਲੈਣ ਦੇ ਖ਼ਤਰੇ ਨਾਲੋਂ ਕਈ ਗੁਣਾ ਜ਼ਿਆਦਾ ਹਨ। ਅਸੀਂ ਸਾਰੇ ਬਾਲਗਾਂ ਨੂੰ ਪੁਰਜ਼ੋਰ ਬੇਨਤੀ ਕਰਦੇ ਹਾਂ ਕਿ ਜਦੋਂ ਤੁਸੀਂ ਵੈਕਸੀਨੇਸ਼ਨ ਲਈ ਯੋਗ ਹੋਵੋ ਉਦੋਂ ਆਪਣੀ ਐਪੁਆਂਇੰਟਮੈਂਟ ਬੁੱਕ ਕਰਵਾਓ।

**ਵੈਕਸੀਨ ਕਿਤਨਾ ਸੁਰੱਖਿਅਤ ਹੈ? How safe is the vaccine?**

ਕੈਨੇਡਾ ਵਿਚ ਸਿਰਫ਼ ਉਹ ਵੈਕਸੀਨ ਹੀ ਪ੍ਰਵਾਨਿਤ ਕੀਤੇ ਜਾਂਦੇ ਹਨ ਜੋ ਸੁਰੱਖਿਅਤ ਅਤੇ ਅਸਰਦਾਰ ਪਾਏ ਜਾਂਦੇ ਹਨ। ਇੱਕ ਵਾਰ ਮਨਜ਼ੂਰੀ ਤੋਂ ਬਾਅਦ ਵੀ ਸਾਰੇ ਵੈਕਸੀਨ ਪਬਲਿਕ ਹੈਲਥ ਦੇ ਅਫ਼ਸਰਾਂ ਅਤੇ ਹੈਲਥ ਕੈਨੇਡਾ ਵੱਲੋਂ ਸੁਰੱਖਿਆ ਲਈ ਲਗਾਤਾਰ ਨਿਰੀਖਣ ਕੀਤਾ ਜਾਂਦਾ ਹੈ। ਕੈਨੇਡਾ ਵਿਚ ਵਰਤੇ ਜਾਣ ਵਾਲੇ ਕੋਵਿਡ-19 ਵੈਕਸੀਨ ਦੁਨੀਆ ਵਿਚ ਕਰੋੜਾਂ ਲੋਕਾਂ ਨੂੰ ਲਗਾਏ ਜਾ ਚੁੱਕੇ ਹਨ ਜੋ ਸੁਰੱਖਿਅਤ ਅਤੇ ਅਸਰਦਾਰ ਪਾਏ ਗਏ ਹਨ।

ਟੀਕੇ ਵਾਲੀ ਥਾਂ ਦਾ ਦੁਖਣਾ, ਠੰਢ ਲੱਗਣੀ, ਥਕਾਵਟ ਅਤੇ ਬੁਖ਼ਾਰ ਜਿਹਾ ਮਹਿਸੂਸ ਹੋਣਾ ਇਸ ਵਾਇਰਸ ਦੇ ਆਮ ਗੌਣ ਪ੍ਰਭਾਵਾਂ ਵਿਚ ਸ਼ਾਮਲ ਹਨ। ਇਹ ਆਮ ਗੌਣ ਪ੍ਰਭਾਵ ਹਨ ਅਤੇ ਇਨ੍ਹਾਂ ਦਾ ਸਿਹਤ ਲਈ ਕੋਈ ਖ਼ਤਰਾ ਨਹੀਂ।

ਕਦੀ ਕਦੀ ਵੈਕਸੀਨੇਸ਼ਨ ਤੋਂ ਬਾਅਦ ਐਲਰਜਿਕ ਰਿਐਕਸ਼ਨ ਹੋ ਜਾਂਦੇ ਹਨ। ਇਸੇ ਲਈ ਵੈਕਸੀਨੇਸ਼ਨ ਤੋਂ ਬਾਅਦ ਲੋਕਾਂ ਨੂੰ 15 ਮਿੰਟ ਕਲੀਨਿਕ ਵਿਚ ਠਹਿਰਨ ਲਈ ਕਿਹਾ ਜਾਂਦਾ ਹੈ। ਇਨ੍ਹਾਂ ਰਿਐਕਸ਼ਨਾਂ ਦਾ ਇਲਾਜ ਹੋ ਜਾਂਦਾ ਹੈ।

# COVID-19 Vaccine Information

ਤੁਹਾਨੂੰ ਸਿਰਫ਼ ਉਹ ਵੈਕਸੀਨ ਹੀ ਦਿੱਤਾ ਜਾਏਗਾ ਜੋ ਤੁਹਾਡੀ ਉਮਰ ਦੇ ਗਰੁੱਪ ਲਈ ਸੁਰੱਖਿਅਤ ਅਤੇ ਅਸਰਦਾਰ ਹੈ।

**ਵੈਕਸੀਨ ਕਿਤਨੇ ਅਸਰਦਾਰ ਹਨ? How effective are the vaccines?**

ਵੈਕਸੀਨੇਸ਼ਨ ਤੋਂ ਦੋ ਤੋਂ ਤਿੰਨ ਹਫ਼ਤਿਆਂ ਬਾਅਦ ਵੈਕਸੀਨ ਕੰਮ ਕਰਨਾ ਸ਼ੁਰੂ ਕਰਦੀ ਹੈ। ਬੀ.ਸੀ. ਵਿਚ ਵੈਕਸੀਨ ਲੈਣ ਵਾਲੇ ਕੇਅਰ ਹੋਮ ਦੇ ਵਾਸੀ ਅਤੇ ਸਿਹਤ ਸੰਭਾਲ ਵਾਲੇ ਕਰਮਚਾਰੀ ਸਭ ਤੋਂ ਪਹਿਲੇ ਲੋਕ ਸਨ। ਸਾਡੇ ਅੰਕੜੇ ਦੱਸਦੇ ਹਨ ਕਿ ਵੈਕਸੀਨੇਸ਼ਨ ਸ਼ੁਰੂ ਹੋਣ ਤੋਂ ਬਾਅਦ ਦੋ ਤੋਂ ਤਿੰਨ ਹਫ਼ਤਿਆਂ ਅੰਦਰ ਕੋਵਿਡ-19 ਦੀ ਇਨਫ਼ੈਕਸ਼ਨ ਦੇ ਕੇਸਾਂ ਵਿਚ ਕਮੀ ਹੋਈ ਅਤੇ ਵੈਕਸੀਨੇਟ ਕੀਤੇ ਬਜ਼ੁਰਗਾਂ ਦੀ ਹਸਪਤਾਲ ਵਿਚ ਦਾਖ਼ਲੇ ਦੀ ਅਤੇ ਮੌਤਾਂ ਵਿਚ ਵੀ ਕਮੀ ਹੋਈ। ਕੈਨੇਡਾ ਵਿਚ ਪ੍ਰਵਾਨਿਤ ਸਾਰੇ ਵੈਕਸੀਨਾਂ ਦੇ ਨਤੀਜੇ ਦੱਸਦੇ ਹਨ ਕਿ ਇਨ੍ਹਾਂ ਕਾਰਨ ਕੋਵਿਡ-19 ਇਨਫ਼ੈਕਸ਼ਨ ਨਾਲ ਸਬੰਧਿਤ ਗੰਭੀਰ ਬਿਮਾਰੀ ਜਾਂ ਮੌਤ ਦਾ ਖ਼ਤਰਾ ਬਹੁਤ ਘਟਿਆ ਹੈ।

**ਕੀ ਵੈਕਸੀਨ ਨਾਲ ਕਿਸੇ ਨੂੰ ਕੋਵਿਡ-19 ਹੋ ਸਕਦਾ ਹੈ? ਕੀ ਇਹ ਮੈਨੂੰ ਕੋਵਿਡ-19 ਤੋਂ ਤੁਰੰਤ ਬਚਾਏਗਾ?**
**Can a person get COVID-19 illness from the vaccine? Will it protect me from COVID-19 immediately?**

ਤੁਹਾਨੂੰ ਵੈਕਸੀਨ ਨਾਲ ਕੋਵਿਡ-19 ਨਹੀਂ ਹੋ ਸਕਦਾ, ਪਰ ਜੇ ਕਰ ਵੈਕਸੀਨ ਲੈਣ ਤੋਂ ਪਹਿਲਾਂ ਤੁਸੀਂ ਵਾਇਰਸ ਦੇ ਸੰਪਰਕ ਵਿਚ ਆਏ ਸੀ ਤਾਂ ਵਾਇਰਸ ਤੁਹਾਡੇ ਅੰਦਰ ਪਨਪ ਰਿਹਾ ਹੋਵੇਗਾ ਅਤੇ ਤੁਹਾਨੂੰ ਪਤਾ ਵੀ ਨਹੀਂ ਹੋਵੇਗਾ ਕਿ ਤੁਹਾਨੂੰ ਕੋਵਿਡ-19 ਹੈ ਜਦ ਤੱਕ ਤੁਸੀਂ ਵੈਕਸੀਨ ਨਹੀਂ ਲਿਆ। ਵੈਕਸੀਨੇਸ਼ਨ ਤੋਂ ਬਾਅਦ ਕੋਵਿਡ-19 ਵਿਰੁੱਧ ਸੁਰੱਖਿਆ ਬਣਨ ਲਈ ਦੋ ਤੋਂ ਤਿੰਨ ਹਫ਼ਤੇ ਲੱਗਦੇ ਹਨ। ਇਸ ਦਾ ਮਤਲਬ ਹੈ ਕਿ ਜੇ ਕਰ ਤੁਸੀਂ ਵੈਕਸੀਨ ਲੈਣ ਤੋਂ ਦੋ ਹਫ਼ਤੇ ਪਹਿਲਾਂ ਜਾਂ ਦੋ ਹਫ਼ਤੇ ਬਾਅਦ ਵਾਇਰਸ ਦੇ ਸੰਪਰਕ ਵਿਚ ਆਏ ਹੋ ਤਾਂ ਤੁਹਾਨੂੰ ਕੋਵਿਡ-19 ਦੀ ਬਿਮਾਰੀ ਹੋ ਸਕਦੀ ਹੈ।

**ਮੈਂ ਘਰ ਵਿਚ ਰਹਿਣ ਵਾਲਾ ਬਜ਼ੁਰਗ ਹਾਂ ਕੀ ਫਿਰ ਵੀ ਮੈਨੂੰ ਵੈਕਸੀਨ ਲੈਣਾ ਚਾਹੀਦਾ ਹੈ?**
**If I'm a home-bound senior, should I still get vaccinated?**

ਸਾਰੇ ਬਜ਼ੁਰਗਾਂ ਨੂੰ ਬੇਸ਼ੱਕ ਉਹ ਘਰ ਵਿਚ ਹੀ ਰਹਿੰਦੇ ਹੋਣ ਵੈਕਸੀਨ ਲੈਣ ਦੀ ਪੁਰਜ਼ੋਰ ਸਿਫ਼ਾਰਸ਼ ਕੀਤੀ ਜਾਂਦੀ ਹੈ। ਵੈਕਸੀਨ ਲੈਣ ਦੇ ਫ਼ਾਇਦੇ ਕੋਵਿਡ-19 ਹੋਣ ਦੇ ਖ਼ਤਰਿਆਂ ਨਾਲੋਂ ਬਹੁਤ ਜ਼ਿਆਦਾ ਹਨ। ਬਜ਼ੁਰਗਾਂ ਨੂੰ ਇਸ ਇਨਫ਼ੈਕਸ਼ਨ ਨਾਲ ਸਬੰਧਿਤ ਗੰਭੀਰ ਬਿਮਾਰੀ ਅਤੇ ਮੌਤ ਹੋਣ ਦੇ ਜ਼ਿਆਦਾ ਚਾਂਸ ਹਨ। ਜੇ ਕਰ ਤੁਸੀਂ ਸਰੀਰਕ ਤੌਰ ਤੇ ਕਲੀਨਿਕ ਵਿਚ ਆਉਣ ਤੋਂ ਅਸਮਰਥ ਹੋ ਤਾਂ ਵੈਨਕੂਵਰ ਕੋਸਟਲ ਹੈਲਥ ਦੀ ਟੀਮ ਤੁਹਾਡੇ ਘਰ ਆ ਕੇ ਵੈਕਸੀਨ ਦੇ ਸਕਦੀ ਹੈ।

**ਕਿਸ ਨੂੰ ਵੈਕਸੀਨ ਨਹੀਂ ਲੈਣਾ ਚਾਹੀਦਾ? Who should not get the vaccine?**

ਜ਼ਿਆਦਾਤਰ ਲੋਕ ਆਰਾਮ ਨਾਲ ਅਤੇ ਸੁਰੱਖਿਅਤ ਵੈਕਸੀਨ ਲੈ ਸਕਣਗੇ। ਜਿਨ੍ਹਾਂ ਲੋਕਾਂ ਨੂੰ ਇਨ੍ਹਾਂ ਵੈਕਸੀਨਾਂ ਦੇ ਅੰਸ਼ਾਂ ਨਾਲ ਗੰਭੀਰ ਐਲਰਜੀ ਹੈ ਉਨ੍ਹਾਂ ਲੋਕਾਂ ਨੂੰ ਵੈਕਸੀਨੇਸ਼ਨ ਦੀ ਐਪੁਆਂਇੰਟਮੈਂਟ ਬੁੱਕ ਕਰਵਾਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗਲ ਕਰਨੀ ਚਾਹੀਦੀ ਹੈ।

**ਮੈਂ ਵੈਕਸੀਨੇਸ਼ਨ ਲਈ ਐਪੁਆਂਇੰਟਮੈਂਟ ਕਿਵੇਂ ਬੁੱਕ ਕਰਵਾਂ? How do I book an appointment for vaccination?**

ਕਿਹੜੇ ਲੋਕ ਵੈਕਸੀਨੇਸ਼ਨ ਲਈ ਯੋਗ ਹਨ ਅਤੇ ਵੈਕਸੀਨੇਸ਼ਨ ਕਿਵੇਂ ਕਰਵਾਉਣੀ ਹੈ ਬਾਰੇ ਜਾਣਕਾਰੀ ਲਈ ਵੈਨਕੂਵਰ ਕੋਸਟਲ ਹੈਲਥ ਦੀ ਇਹ ਵੈੱਬਸਾਈਟ ਦੇਖੋ www.vch.ca/covid-19/covid-19-vaccine. ਇਸ ਵਿਚ ਇਹ ਜਾਣਕਾਰੀ ਵੀ ਹੈ ਕਿ ਆਪਣੇ ਘਰ ਦੇ ਨਜ਼ਦੀਕ ਵਾਲੇ ਕਲੀਨਿਕ ਵਿਚ ਵੈਕਸੀਨੇਸ਼ਨ ਲਈ ਐਪੁਆਂਇੰਟਮੈਂਟ ਕਿਵੇਂ ਬੁੱਕ ਕਰਨੀ ਹੈ।

ਜੇ ਤੁਹਾਡੇ ਮਨ ਵਿਚ ਵੈਕਸੀਨ ਅਤੇ ਇਸ ਦੀ ਸੁਰੱਖਿਆ ਬਾਰੇ ਕੋਈ ਚਿੰਤਾ ਜਾਂ ਸਵਾਲ ਹਨ ਤਾਂ ਇਹ ਵੈੱਬਸਾਈਟਾਂ ਦੇਖੋ: BC Centre for Disease Control, Government of BC ਅਤੇ Government of Canada. ਜੇ ਵੈਕਸੀਨ ਬਾਰੇ ਤੁਹਾਡੇ ਕੋਈ ਹੋਰ ਵੀ ਸਵਾਲ ਹਨ ਤਾਂ ਆਪਣੇ ਸਿਹਤ ਸੰਭਾਲ ਵਾਲੇ ਨਾਲ ਗਲ ਕਰੋ।